# Supply of Indian manufactured vaccines to neighbouring and key partner countries

January 19, 2021

---

## ਗੁਆਂਢੀ ਅਤੇ ਮੁੱਖ ਸਹਿਭਾਗੀ ਦੇਸ਼ਾਂ ਨੂੰ ਭਾਰਤ ਵਿੱਚ ਬਣੇ ਟੀਕਿਆਂ ਦੀ ਸਪਲਾਈ

19 ਜਨਵਰੀ, 2021

1. ਭਾਰਤ ਸਰਕਾਰ ਨੂੰ ਗੁਆਂਢੀ ਅਤੇ ਮੁੱਖ ਸਹਿਭਾਗੀ ਦੇਸ਼ਾਂ ਤੋਂ ਭਾਰਤ ਵਿੱਚ ਬਣੇ ਟੀਕਿਆਂ ਦੀ ਸਪਲਾਈ ਕਈ ਬੇਨਤੀਆਂ ਮਿਲੀਆਂ ਹਨ। ਇਨ੍ਹਾਂ ਬੇਨਤੀਆਂ ਦੇ ਪ੍ਰਤੀਕਰਮ ਵਜੋਂ ਅਤੇ ਭਾਰਤ ਵੱਲੋਂ ਆਪਣੀ ਟੀਕਾ ਉਤਪਾਦਨ ਅਤੇ ਦੇਣ ਦੀ ਸਮਰੱਥਾ ਨੂੰ COVID ਮਹਾਂਮਾਰੀ ਵਿਰੁੱਧ ਲੜਨ ਵਿੱਚ ਸਾਰੀ ਮਨੁੱਖਤਾ ਨੂੰ ਮਦਦ ਦੇਣ ਦੇ ਟੀਚੇ ਦੇ ਮੱਦੇਨਜ਼ਰ ਭੂਟਾਨ, ਮਾਲਦੀਵ, ਬੰਗਲਾਦੇਸ਼, ਨੇਪਾਲ, ਮਿਆਂਮਾਰ ਅਤੇ ਸੇਸ਼ੇਲਸ ਨੂੰ ਗਰਾਂਟ ਸਹਾਇਤਾ ਅਧੀਨ ਟੀਕਿਆਂ ਦੀ ਸਪਲਾਈ 20 ਜਨਵਰੀ, 2021 ਤੋਂ ਸ਼ੁਰੂ ਹੋਵੇਗੀ। ਸ੍ਰੀ ਲੰਕਾ ਅਫਗਾਨਿਸਤਾਨ ਅਤੇ ਮਾਰੀਸ਼ਸ ਦੇ ਸਬੰਧ ਵਿੱਚ ਅਸੀਂ ਉਨ੍ਹਾਂ ਦੀਆਂ ਬਾਕਾਇਦਾ ਮਨਜ਼ੂਰੀਆਂ ਦੀ ਤਸਦੀਕ ਮਿਲਣ ਦੀ ਉਡੀਕ ਕਰ ਰਹੇ ਹਾਂ।

2. ਹੋਰਨਾਂ ਮੁਲਕਾਂ ਵਾਂਗ ਟੀਕਾਕਰਣ ਪ੍ਰੋਗਰਾਮ ਭਾਰਤ ਵਿੱਚ ਪੜਾਅ ਵਾਰ ਲਾਗੂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਿਹਤ ਸੰਭਾਲ ਕਾਮਿਆਂ, ਅਗਾਂਹ ਮੋਰਚੇ ਦੇ ਕੰਮ ਕਰਨ ਵਾਲੇ ਅਤੇ ਸਭ ਤੋਂ ਵੱਧ ਕਮਜ਼ੋਰ ਲੋਕਾਂ ਨੂੰ ਕਵਰ ਕੀਤਾ ਜਾ ਰਿਹਾ ਹੈ। ਪੜਾਅਵਾਰ ਟੀਕਾਰਨ ਦੀਆਂ ਘਰੇਲੂ ਲੋੜਾਂ ਦੇ ਮੱਦੇਨਜ਼ਰ ਭਾਰਤ ਆਉਣ ਵਾਲੇ ਹਫਤਿਆਂ ਅਤੇ ਮਹੀਨਿਆਂ ਵਿੱਚ ਸਹਿਯੋਗੀ ਦੇਸ਼ਾਂ ਨੂੰ ਪੜਾਅਵਾਰ ਢੰਗ ਨਾਲ COVID-19 ਟੀਕੇ ਸਪਲਾਈ ਕਰਦਾ ਰਹੇਗਾ। ਇਹ ਯਕੀਨੀ ਬਣਾਇਆ ਜਾਵੇਗਾ ਕਿ ਘਰੇਲੂ ਨਿਰਮਾਤਾਵਾਂ ਕੋਲ ਹੋਰ ਦੇਸ਼ਾਂ ਨੂੰ ਟੀਕੇ ਸੱਪਲਾਈ ਕਰਨ ਤੋਂ ਛੁੱਟ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦਾ ਸਟਾਕ ਹੋਵੇ।

3. ਟੀਕਿਆਂ ਦੀ ਸਪੁਰਦਗੀ ਤੋਂ ਪਹਿਲਾਂ ਪ੍ਰਸ਼ਾਸਨਿਕ ਅਤੇ ਕਾਰਜਕਾਰੀ ਪਹਿਲੂ ਕਵਰ ਕਰਨ ਵਾਲਾ ਸਿਖਲਾਈ ਪ੍ਰੋਗਰਾਮ 19-20 ਜਨਵਰੀ 2021 ਨੂੰ ਕਰਾਇਆ ਜਾ ਰਿਹਾ ਹੈ, ਜਿਸ ਦੌਰਾਨ ਕੌਮੀ ਅਤੇ ਸੂਬਾਈ ਪੱਧਰ ਦੇ ਟੀਕਾਕਰਨ ਪ੍ਰਬੰਧਕਾਂ, ਕੋਲਡ ਚੇਨ ਅਫਸਰਾਂ, ਸੰਚਾਰ ਅਫਸਰਾਂ ਅਤੇ ਪ੍ਰਾਪਤ ਕਰਤਾ ਦੇਸ਼ਾਂ ਦੇ ਡਾਟਾ ਪ੍ਰਬੰਧਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ।

4. ਭਾਰਤ ਨੇ ਇਸ ਤੋਂ ਪਹਿਲਾਂ COVID 19 ਮਹਾਂਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਹੋਰਨਾਂ ਦੇਸ਼ਾਂ ਨੂੰ ਹਾਈਡ੍ਰੋਕਸਾਈਕਲੋਰੋਕਵੀਨ, ਰੀਮਡੇਸੈਵਾਇਰ ਅਤੇ ਪੈਰਾਸੀਟਾਮੋਲ ਗੋਲੀਆਂ, ਡਾਇਗਨੋਸਟਿਕ ਕਿੱਟਾਂ, ਵੈਂਟੀਲੇਟਰਾਂ, ਮਾਸਕ, ਦਸਤਾਨਿਆਂ ਅਤੇ ਹੋਰ ਡਾਕਟਰੀ ਸਮਾਨ ਦੀ ਸਪਲਾਈ ਕੀਤੀ ਸੀ।

5. ਕਲੀਨਿਕਲ ਟਰਾਇਲ ਵਧਾਉਣ ਦੀ ਭਾਈਵਾਲੀ (PACT) ਪ੍ਰੋਗਰਾਮ ਹੇਠ ਭਾਰਤ ਨੇ ਕਈ ਗੁਆਂਢੀ ਮੁਲਕਾਂ ਨੂੰ ਉਨ੍ਹਾਂ ਦੀਆਂ ਕਲੀਨਿਕਲ ਸਮਰੱਥਾਵਾਂ ਨੂੰ ਵਧਾਉਣ ਅਤੇ ਮਜ਼ਬੂਤ ਕਰਨ ਵਾਸਤੇ ਸਿਖਲਾਈ ਵੀ ਪ੍ਰਦਾਨ ਕੀਤੀ ਹੈ। ਇਸ ਤੋਂ ਛੁੱਟ ਵੱਖਰੇ ਤੌਰ 'ਤੇ ਮਹਾਂਮਾਰੀ ਨਾਲ ਨਜਿੱਠਣ ਦੇ ਸਾਡੇ ਤਜ਼ਰਬੇ ਨੂੰ ਸਾਂਝਾ ਕਰਨ ਲਈ ਭਾਰਤੀ ਤਕਨੀਕੀ ਅਤੇ ਆਰਥਿਕ ਸਹਿਕਾਰਤਾ (ITEC) ਪ੍ਰੋਗਰਾਮ ਹੇਠ ਸਾਥੀ ਦੇਸ਼ਾਂ ਦੇ ਸਿਹਤ ਕਾਮਿਆਂ ਅਤੇ ਪ੍ਰਬੰਧਕਾਂ ਲਈ ਕਈ ਸਿਖਲਾਈ ਕੋਰਸ ਕਰਾਏ ਗਏ ਹਨ।

6. ਲਗਾਤਾਰ ਚੱਲ ਰਹੀ ਜਤਨ ਦੇ ਤੌਰ 'ਤੇ ਭਾਰਤ ਦੁਨੀਆਂ ਭਰ ਦੇ ਦੇਸ਼ਾਂ ਨੂੰ ਟੀਕਿਆਂ ਦੀ ਸਪਲਾਈ ਕਰਦਾ ਰਹੇਗਾ। ਇਸ ਦਾ ਵਿਕਾਸਸ਼ੀਲ ਦੇਸ਼ਾਂ ਨੂੰ GAVI ਦੀ ਕੋਵੈਕਸ ਸਹੂਲਤ ਸਮੇਤ ਘਰੇਲੂ ਲੋੜਾਂ ਅਤੇ ਆਲਮੀ ਮੰਗ ਅਤੇ ਜ਼ਿੰਮੇਵਾਰੀਆਂ ਨਾਲ ਤਾਲਮੇਲ ਬਿਠਾਇਆ ਜਾਵੇਗਾ।

ਨਵੀਂ ਦਿਲੀ
19 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.